AQA

# GCSE
# PANJABI

F

Foundation Tier Paper 1 Listening Test Transcript

Time allowed: 35 minutes approximately
(including 5 minutes' reading time before the test)

**FOR INVIGILATOR'S USE ONLY**

**The pauses are pre-recorded for this test.**

This is what you should do for each item.

- After the question number is announced, there will be a pause to allow you to read the instructions and questions.
- Listen carefully to the recording and read the questions again.
- Listen to the recording again and then answer the questions.
- When the next question is about to start you will hear a bleep like this (*).
- You may write at any time during the test.
- In **Section A**, answer the questions in **English**. In **Section B**, answer the questions in **Panjabi**.
- You must answer all the questions in the spaces provided. Do **not** write outside the box around each page or on blank pages.
- Write neatly and put down **all** the information you are asked to give.
- **Ask any questions now. You must not ask questions or interrupt during the test*.**
- You now have five minutes to read through the question paper. You may make notes during this time. You may open your answer book now.
- **The test starts now.**

Once the test has started, the invigilator must not pause it **at any time** as all pauses, including the five minutes' reading time, are pre-recorded.

*If candidates ask any questions at this point, the invigilator should pause the recording until the questions have been answered. The recording should then be restarted.

## Section A

Questions and answers in **English**.

**0 1** **F1** ਮੈਨੂੰ ਤਸਵੀਰਾਂ ਬਣਾਉਣਾ ਚੰਗਾ ਲਗਦਾ ਹੈ।

**0 2** **M1** ਮੇਰਾ ਮਨਪਸੰਦ ਵਿਸ਼ਾ ਹਿਸਾਬ ਹੈ।

**0 3** **F2** ਮੈਂ ਪਹਿਲਾਂ ਗੋਭੀ ਦੇ ਪਕੌੜੇ ਲਵਾਂਗੀ ਕਿਉਂਕਿ ਮੈਂ ਮੀਟ ਬਿਲਕੁਲ ਨਹੀਂ ਖਾਂਦੀ।

**F1** ਮੈਂ ਖਾਣੇ ਲਈ ਮੁਰਗੇ ਦਾ ਮੀਟ ਅਤੇ ਚੌਲ ਲਵਾਂਗੀ ਕਿਉਂਕਿ ਮੈਨੂੰ ਸਬਜ਼ੀਆਂ ਬਿਲਕੁਲ ਪਸੰਦ ਨਹੀਂ ਹਨ।

**0 4** **F2** ਮੇਰੀ ਭੈਣ ਆਮ ਤੌਰ ਤੇ ਸੁਸਤ ਹੋ ਜਾਂਦੀ ਹੈ ਪਰ ਉਹ ਮਤਲਬੀ ਨਹੀਂ ਹੈ।

ਮੇਰੇ ਪਿਤਾ ਜੀ ਬਹੁਤ ਹਸਮੁਖ ਸੁਭਾਅ ਦੇ ਹਨ। ਉਹ ਕਿਸੇ ਨਾਲ ਵੀ ਛੇਤੀ ਗੁੱਸੇ ਨਹੀਂ ਹੁੰਦੇ।

ਮੇਰੇ ਭਰਾ ਦੀਆਂ ਅੱਖਾਂ ਭੂਰੀਆਂ ਹਨ ਅਤੇ ਉਹ ਐਨਕ ਨਹੀਂ ਲਾਉਂਦਾ।

**0 5** **F1** ਮੇਰਾ ਨਾਂ ਸਿਮੀ ਹੈ। ਅੱਜ ਮੌਸਮ ਚੰਗਾ ਹੈ ਇਸ ਲਈ ਮੈਂ ਦੌੜਨ ਜਾ ਰਹੀ ਹਾਂ।

**0 6** **F2** ਮੈਂ ਕਿਰਨ ਹਾਂ। ਕੱਲ੍ਹ ਨੂੰ ਮੇਰੇ ਭਰਾ ਦਾ ਜਨਮ ਦਿਨ ਹੈ ਅਤੇ ਮੈਂ ਉਸ ਲਈ ਤੋਹਫਾ ਖਰੀਦਣ ਜਾਣਾ ਹੈ।

**0 7** **M1** ਮੇਰਾ ਨਾਂ ਰਾਜ ਹੈ। ਅੱਜ ਮੇਰੀ ਮਨਪਸੰਦ ਟੀਮ ਖੇਡ ਰਹੀ ਹੈ ਇਸ ਲਈ ਮੈਂ ਮੈਚ ਦੇਖਣ ਜਾਵਾਂਗਾ।

**0 8** **M1** ਸਾਨੂੰ ਹਸਪਤਾਲ ਨਾਲੋਂ ਬਜ਼ੁਰਗਾਂ ਦੇ ਰਿਹਾਇਸ਼ ਸੈਂਟਰ ਵਿੱਚ ਸਹਾਇਤਾ ਕਰਨ ਵਾਲਿਆਂ ਦੀ ਜ਼ਿਆਦਾ ਲੋੜ ਹੈ। ਤੁਸੀਂ ਇਸ ਬਾਰੇ ਕੀ ਸੋਚਦੇ ਹੋ ਗੁਰਜੀਤ ?

**F1** ਮੈਂ ਬਜ਼ੁਰਗਾਂ ਦੇ ਰਿਹਾਇਸ਼ ਸੈਂਟਰ ਵਿੱਚ ਮਦਦ ਕਰਨਾ ਚਾਹੁੰਦੀ ਹਾਂ ਕਿਉਂਕਿ ਆਪਣੇ ਦਾਦੀ ਜੀ ਦੀ ਦੇਖਭਾਲ ਕਰਕੇ ਮੈਂ ਬਹੁਤ ਕੁਝ ਸਿੱਖਿਆ ਹੈ।

**0 9** **F2** ਰੀਟਾ ਤੁਸੀਂ ਵੀਗਨ ਕਿਉਂ ਬਣ ਗਏ ਹੋ ?

**F1** ਬਹੁਤ ਚਿਰ ਤੋਂ ਮੇਰੇ ਢਿੱਡ ਵਿੱਚ ਦਰਦ ਰਹਿੰਦਾ ਸੀ। ਡਾਕਟਰ ਨੇ ਮੈਨੂੰ ਸਲਾਹ ਦਿੱਤੀ ਹੈ ਕਿ ਦੁੱਧ ਤੋਂ ਬਣੀਆਂ ਸਾਰੀਆਂ ਚੀਜ਼ਾਂ ਖਾਣੀਆਂ ਛੱਡ ਦੇਣ ਨਾਲ ਮੇਰੀ ਸਿਹਤ ਠੀਕ ਰਹੇਗੀ।

**F2** ਹੁਣ ਤੁਹਾਡਾ ਕੀ ਹਾਲ ਹੈ ?

**F1** ਮੈ ਹੁਣ ਠੀਕ ਹਾਂ, ਮੇਰਾ ਢਿੱਡ ਤਾਂ ਦੁਖਣ ਤੋਂ ਹਟ ਗਿਆ ਹੈ ਪਰ ਭੁੱਖ ਜ਼ਿਆਦਾ ਲੱਗਣ ਲੱਗ ਪਈ ਹੈ।

**1 0** **M1** ਸਾਈਕਲ ਚਲਾਉਣ ਵੇਲੇ ਮੋਬਾਇਲ ਫੋਨ ਤੇ ਗਾਣੇ ਸੁਣਨ ਦੀ ਮਨਾਹੀ ਹੈ।

**1 1** **M1** ਸਾਈਕਲ ਚਲਾਉਣ ਵੇਲੇ ਹੈਲਮਟ ਪਾਉ ਅਤੇ ਹਮੇਸ਼ਾ ਸੜਕ ਦੇ ਖੱਬੇ ਪਾਸੇ ਸਾਈਕਲ ਚਲਾਉ।

**1 2** **M1** ਰਾਤ ਨੂੰ ਸਾਈਕਲ ਤੇ ਬੱਤੀਆਂ ਹੋਣ ਦੇ ਨਾਲ ਨਾਲ ਸਾਈਕਲ ਚਲਾਉਣ ਵਾਲੇ ਨੂੰ ਚਮਕਦਾਰ ਕੱਪੜੇ ਜ਼ਰੂਰ ਪਾਉਣੇ ਚਾਹੀਦੇ ਹਨ।

**1 3** **M1** ਮੇਰਾ ਨਾਂ ਬਲਜੋਤ ਹੈ। ਮੇਰਾ ਮਨਪਸੰਦ ਸ਼ੌਕ ਸਰਦੀਆਂ ਵਿੱਚ ਬਰਫ ਤੇ ਸਕੀਇੰਗ ਕਰਨਾ ਹੈ।

**F2** ਮੈਂ ਹਰਵੀਨ ਹਾਂ। ਮੈਂ ਧਾਰਮਿਕ ਥਾਂਵਾਂ ਦੇਖਣ ਨੂੰ ਪਹਿਲ ਦਿੰਦੀ ਹਾਂ।

**M2** ਮੇਰਾ ਨਾਂ ਅਮਰ ਹੈ। ਮੈਂ ਛੁੱਟੀਆਂ ਤੇ ਜਾ ਕੇ ਪਾਣੀ ਵਿੱਚ ਖੇਡਾਂ ਖੇਡਣੀਆਂ ਬਹੁਤ ਪਸੰਦ ਕਰਦਾ ਹਾਂ।

**1 4** **F1** ਬਲਦੀਪ, ਇਸ ਸਾਲ ਤੁਹਾਡੇ ਸ਼ਹਿਰ ਵਿੱਚ ਕਿਹੜਾ ਤਿਉਹਾਰ ਮਨਾਇਆ ਗਿਆ?

**F2** ਸਾਡੇ ਸ਼ਹਿਰ ਵਿੱਚ ਗੁਰੂ ਨਾਨਕ ਦੇਵ ਜੀ ਦਾ 550 ਵਾਂ ਗੁਰਪੁਰਬ ਮਨਾਇਆ ਗਿਆ। ਇਸ ਤੋਂ ਬੱਚਿਆਂ ਨੇ ਗੁਰੂ ਜੀ ਦੇ ਜੀਵਨ ਬਾਰੇ ਸਿੱਖਿਆ ਪਰ ਨਗਰ ਕੀਰਤਨ ਕਾਰਨ ਟਰੈਫਿਕ ਕਈ ਘੰਟੇ ਰੁਕਿਆ ਰਿਹਾ। ਰੂਪੀ, ਤੁਸੀਂ ਵੀ ਦੱਸੋ।

**F1** ਸਾਡੇ ਸ਼ਹਿਰ ਵਿੱਚ ਦੀਵਾਲੀ ਲਈ ਸਾਰੇ ਪਾਸੇ ਬਹੁਤ ਸਫਾਈ ਕੀਤੀ ਗਈ ਸੀ ਪਰ ਦੀਵਾਲੀ ਵਾਲੀ ਰਾਤ ਨੂੰ ਪਟਾਕੇ ਚਲਾਉਣ ਨਾਲ ਹਵਾ ਵਿੱਚ ਧੂੰਆਂ ਬਹੁਤ ਵਧ ਗਿਆ ਸੀ।

**1 5** **M1** ਇਸ ਸਾਲ ਸਾਡੇ ਸਕੂਲ ਵਿੱਚ ਹੋ ਰਹੇ ਸਭਿਆਚਾਰਕ ਪ੍ਰੋਗਰਾਮ ਵਿੱਚ ਵਿਦਿਆਰਥੀ ਬਹੁਤ ਸਾਰੀਆਂ ਚੀਜ਼ਾਂ ਜਿਵੇਂ ਅਖਬਾਰਾਂ ਦੀ ਮੁੜ ਵਰਤੋਂ ਕਰ ਰਹੇ ਹਨ। ਉਹ ਸਜਾਵਟ ਲਈ ਪੁਰਾਣੀਆਂ ਕਿਤਾਬਾਂ ਵਰਤ ਰਹੇ ਹਨ। ਪ੍ਰੋਗਰਾਮ ਵਿੱਚ ਪਾਉਣ ਵਾਲੀਆਂ ਪੁਸ਼ਾਕਾਂ ਬਣਾਉਣ ਲਈ ਵਿਦਿਆਰਥੀ ਪੁਰਾਣੇ ਕੱਪੜੇ ਅਤੇ ਗਹਿਣੇ ਵਰਤ ਰਹੇ ਹਨ।

**1 6** **M2** ਮੈਂ ਰਵੀ ਹਾਂ। ਇਹ ਫਿਲਮ ਦੇਖਣ ਤੋਂ ਬਾਅਦ ਤੁਹਾਨੂੰ ਰਾਤ ਨੂੰ ਇਕੱਲੇ ਰਹਿਣ ਤੋਂ ਡਰ ਲੱਗੇਗਾ।

**F1** ਮੇਰਾ ਨਾਂ ਗੀਤਾ ਹੈ। ਜੇ ਤੁਸੀਂ ਇਸ ਫਿਲਮ ਨੂੰ ਹਾਸੇ ਵਾਲੀ ਫਿਲਮ ਨਹੀਂ ਸਮਝਦੇ ਤਾਂ ਤੁਹਾਡੇ ਵਿੱਚ ਮਜ਼ਾਕ ਦੀ ਕੋਈ ਭਾਵਨਾ ਨਹੀਂ ਹੈ।

**M1** ਮੈਂ ਮਨਜੋਤ ਹਾਂ। ਇਸ ਫਿਲਮ ਵਿੱਚ ਇੱਕ ਨੌਜਵਾਨ ਇੱਕ ਲੜਕੀ ਨਾਲ ਬਹੁਤ ਪਿਆਰ ਕਰਦਾ ਹੈ ਅਤੇ ਉਸ ਲਈ ਕੁਝ ਵੀ ਕਰਨ ਲਈ ਤਿਆਰ ਹੈ।

**1 7** **M2** ਬਚਪਨ ਵਿੱਚ ਮੈਂ ਸਮੁੰਦਰ ਦੇ ਕੰਢੇ ਛੁੱਟੀਆਂ ਮਨਾਉਣ ਜਾਣਾ ਬਹੁਤ ਪਸੰਦ ਕਰਦਾ ਸੀ ਕਿਉਂਕਿ ਸਮੁੰਦਰ ਦੇ ਕੰਢੇ ਤੇ ਸਾਫ ਰੇਤ ਮੈਨੂੰ ਬਹੁਤ ਸੁਹਣੀ ਲਗਦੀ ਸੀ। ਅੱਜ ਕੱਲ੍ਹ ਛੁੱਟੀਆਂ ਵਿੱਚ ਦੋਸਤਾਂ ਨਾਲ ਕੈਂਪ ਤੇ ਮੈਨੂੰ ਤੰਬੂ ਵਿੱਚ ਰਹਿਣਾ ਚੰਗਾ ਲਗਦਾ ਹੈ। ਅਗਲੇ ਸਾਲ ਮੈਂ ਪੰਜਾਬ ਵਿੱਚ ਪੰਜਾਬੀ ਗਾਇਕਾਂ ਨੂੰ ਮਿਲਾਂਗਾ ਕਿਉਂਕਿ ਪੰਜਾਬੀ ਗੀਤ ਮੈਨੂੰ ਬਹੁਤ ਪਸੰਦ ਹਨ।

**Turn over ▶**

## Section B

Questions and answers in **Panjabi**.

**1 8** **F1** ਪਿਛਲੇ ਸਾਲ ਅਸੀਂ ਸਿੱਧੀ ਫਲਾਈਟ ਲੈ ਕੇ ਅੰਮ੍ਰਿਤਸਰ ਗਏ ਸੀ। ਹਰਿਮੰਦਰ ਸਾਹਿਬ ਦੇ ਦਰਸ਼ਨ ਕਰਕੇ ਮਨ ਨੂੰ ਬਹੁਤ ਸ਼ਾਂਤੀ ਮਿਲੀ। ਲੋਕ ਬਹੁਤ ਮਿਲਣਸਾਰ ਸਨ। ਚੀਜ਼ਾਂ ਬਹੁਤ ਮਹਿੰਗੀਆਂ ਨਹੀਂ ਸਨ ਪਰ ਮੈਨੂੰ ਉੱਥੇ ਦਾ ਖਾਣਾ ਚੰਗਾ ਨਹੀਂ ਲੱਗਾ। ਮੌਸਮ ਨਾ ਬਹੁਤ ਗਰਮ ਅਤੇ ਨਾ ਹੀ ਬਹੁਤ ਠੰਡਾ ਸੀ। ਹੋਟਲ ਕਾਫੀ ਮਹਿੰਗਾ ਸੀ ਪਰ ਸਾਫ ਨਹੀਂ ਸੀ।

**1 9** **F1** ਮੇਰਾ ਨਾਂ ਪਰਮੀਤ ਹੈ। ਮੈਂ ਆਪਣੇ ਸ਼ਹਿਰ ਦੇ ਵਾਤਾਵਰਣ ਲਈ ਬਹੁਤ ਫਿਕਰਮੰਦ ਹਾਂ ਕਿਉਂਕਿ ਇੱਥੇ ਬਾਹਰੋਂ ਘੁੰਮਣ-ਫਿਰਨ ਆਉਣ ਵਾਲੇ ਲੋਕ ਥਾਂ ਥਾਂ ਤੇ ਚੀਜ਼ਾਂ ਸੁੱਟ ਕੇ ਬਹੁਤ ਗੰਦ ਪਾਉਂਦੇ ਹਨ।

**M2** ਮੈਂ ਅਰਜਨ ਹਾਂ। ਮੇਰੇ ਸ਼ਹਿਰ ਵਿੱਚ ਜਦੋਂ ਗਰਮੀਆਂ ਦੇ ਮੌਸਮ ਵਿੱਚ ਬਾਹਰੋਂ ਘੁੰਮਣ-ਫਿਰਨ ਆਉਣ ਵਾਲੇ ਲੋਕ ਆਉਂਦੇ ਹਨ ਤਾਂ ਕਈ ਐਨਾ ਉੱਚੀ ਸੰਗੀਤ ਵਜਾਉਂਦੇ ਹਨ ਕਿ ਆਵਾਜ਼ ਦਾ ਪ੍ਰਦੂਸ਼ਣ ਬਹੁਤ ਵਧ ਜਾਂਦਾ ਹੈ।

**2 0** **M1** ਮੈਨੂੰ ਸਿਰਫ ਵੀਕਐਂਡ ਤੇ ਹੀ ਆਪਣੇ ਚੰਗੇ ਦੋਸਤਾਂ ਨਾਲ ਬਾਹਰ ਜਾਣ ਦੀ ਆਗਿਆ ਹੈ। ਮੇਰੇ ਮਾਪੇ ਮੇਰੇ ਤੇ ਭਰੋਸਾ ਹੀ ਨਹੀਂ ਕਰਦੇ ਉਹ ਮੈਨੂੰ ਭੇਜੇ ਹੋਏ ਸਾਰੇ ਸੁਨੇਹੇ ਪੜ੍ਹ ਲੈਂਦੇ ਹਨ। ਜਦੋਂ ਵੀ ਮਾਤਾ ਜੀ ਮੇਰੇ ਭਰਾ ਨੂੰ ਮਦਦ ਕਰਨ ਲਈ ਕਹਿੰਦੇ ਹਨ ਉਹ ਹਮੇਸ਼ਾ ਇਨਕਾਰ ਕਰ ਦਿੰਦਾ ਹੈ। ਉਸ ਨੂੰ ਇਸ ਦੀ ਸਜ਼ਾ ਜ਼ਰੂਰ ਮਿਲਣੀ ਚਾਹੀਦੀ ਹੈ।

**END OF TEST**

**Copyright information**

For confidentiality purposes, all acknowledgements of third-party copyright material are published in a separate booklet. This booklet is published after each live examination series and is available for free download from www.aqa.org.uk.

Permission to reproduce all copyright material has been applied for. In some cases, efforts to contact copyright-holders may have been unsuccessful and AQA will be happy to rectify any omissions of acknowledgements. If you have any queries please contact the Copyright Team.

Copyright © 2021 AQA and its licensors. All rights reserved.